*ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ, ਨਿਯਮ 2011*

*ਫਾਰਮ-II*

*(ਵੇਖੋ ਉਪ ਨਿਯਮ (4) ਨਿਯਮ 11)*

*ਈ.ਮੇਲ: rteferozepur@gmail.com* *ਟੈਲੀਫੋਨ ਨੰ: 01632-249772*

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਫਿਰੋਜ਼ਪੁਰ

*ਨੰ : ਸਸਅ ਫਿਰੋਜ਼ਪੁਰ/2016/ਆਰ.ਟੀ.ਈ./* 1318 *ਮਿਤੀ : 20.05.2016*

ਵੱਲ: ਮੈਨੇਜਰ,
ਐਸ.ਬੀ.ਆਰ. ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ
(ਘੱਲਖੁਰਦ 2)
ਤਲਵੰਡੀ ਭਾਈ (ਫਿਰੋਜ਼ਪੁਰ) ।

ਵਿਸ਼ਾ : ਪੰਜਾਬ ਰਾਜ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਨਿਯਮ 2011 ਦੇ ਨਿਯਮ 11 ਦੇ ਉਪ ਨਿਯਮ (4) ਅਨੁਸਾਰ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ, 2009 ਦੀ ਧਾਰਾ 18 ਦੇ ਮੰਤਵ ਲਈ ਸਕੂਲ ਨੂੰ ਜਾਰੀ ਮਾਨਤਾ ਪ੍ਰਮਾਣ ਪੱਤਰ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਆਪ ਦੀ ਪ੍ਰਤੀ-ਬੇਨਤੀ/ਸਵੈ-ਘੋਸ਼ਣਾ ਪੱਤਰ ਕਮ ਫਾਰਮ-1 ਅਤੇ ਬਾਅਦ ਵਿੱਚ ਇਸ ਸਬੰਧੀ ਸਕੂਲ ਨਾਲ ਕੀਤੇ ਗਏ ਪੱਤਰ ਵਿਹਾਰ/ਪੜਤਾਲ ਦੇ ਆਧਾਰ ਤੇ ਆਪ ਦੇ ਸਕੂਲ ਨੂੰ ਜਮਾਤ **ਪਹਿਲੀ ਤੋਂ ਅੱਠਵੀਂ** ਤੱਕ ਸੈਸ਼ਨ 2016-17 ਤੋਂ ਅਗਲੇਰੀ ਆਰਜ਼ੀ ਮਾਨਤਾ ਜਾਰੀ ਕੀਤੀ ਜਾਂਦੀ ਹੈ। ਇਹ ਮਾਨਤਾ ਹੇਠ ਲਿਖੀਆਂ ਸ਼ਰਤਾਂ ਦੀ ਪੂਰਤੀ ਤੇ ਆਧਾਰਿਤ ਹੋਵੇਗੀ:-

1) ਇਹ ਮਾਨਤਾ ਅੱਠਵੀ ਜਮਾਤ ਤੋਂ ਅੱਗੇ ਵਾਧੇ ਯੋਗ ਨਹੀਂ ਹੋਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਇਸ ਦਾ ਅਰਥ ਅੱਠਵੀਂ ਜਮਾਤ ਤੋਂ ਅੱਗੇ ਦੀ ਮਾਨਤਾ ਲਈ ਨਹੀ ਲਿਆ ਜਾਵੇਗਾ।

2) ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਐਕਟ 2009 ਅਤੇ ਪੰਜਾਬ ਰਾਜ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ 2011 ਦੇ ਉਪਬੰਧਾਂ ਦੀ ਪਾਲਣਾ ਕਰੇਗਾ।

3) ਸਕੂਲ ਆਪਣੀ ਪਹਿਲੀ ਜਮਾਤ ਵਿੱਚ (ਜੇਕਰ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਚੱਲਦੀਆਂ ਹੋਣ ਤਾਂ ਪਹਿਲੀ ਪ੍ਰੀ-ਪ੍ਰਾਇਮਰੀ ਕਲਾਸ ਵਿਚ), ਜਮਾਤ ਵਿੱਚ ਬੱਚਿਆਂ ਦੀ ਕੁੱਲ ਸੰਖਿਆ ਦਾ 25 ਪ੍ਰਤੀਸ਼ਤ ਕਮਜ਼ੋਰ ਵਰਗ ਅਤੇ ਸੁਵਿਧਾ ਰਹਿਤ ਗਰੁੱਪ ਦੇ ਗੁਆਂਢ ਵਿਚਲੇ ਬੱਚਿਆਂ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜਮੀ ਮੁੱਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪ੍ਰਦਾਨ ਕਰੇਗਾ।

4) ਸਕੂਲ ਨੂੰ ਪੈਰ੍ਹਾ 3 ਵਿੱਚ ਦਿੱਤੇ ਬੱਚਿਆਂ ਲਈ ਐਕਟ ਦੀ ਧਾਰਾ 12 ਦੀ ਉਪ ਧਾਰਾ (2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।

5) ਸਕੂਲ ਕੋਈ ਕੈਪੀਟੇਸ਼ਨ ਫੀਸ ਵਸੂਲ ਨਹੀਂ ਕਰੇਗਾ ਅਤੇ ਬੱਚਿਆਂ ਜਾਂ ਉਸਦੇ ਮਾਪਿਆਂ/ ਸਰਪ੍ਰਸਤਾਂ ਦੀ ਚੋਣ ਲਈ ਸਕਰੀਨਿੰਗ ਟੈਸਟ ਵਿਧੀ ਨਹੀਂ ਅਪਣਾਏਗਾ।

6) ਸਕੂਲ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਕਾਰਨ ਦਾਖਲੇ ਤੋਂ ਇਨਕਾਰ ਨਹੀਂ ਕਰੇਗਾ:

ੳ) ਬੱਚੇ ਦਾ ਜਨਮ ਦਾ ਸਬੂਤ ਨਾ ਹੋਣ ਕਾਰਨ; ਜਾਂ

ਅ) ਜੇਕਰ ਬੱਚਾ ਦਾਖਲੇ ਲਈ ਮਿੱਥੀ ਆਖਰੀ ਮਿਤੀ ਤੋਂ ਬਾਅਦ ਦਾਖਲਾ ਲੈਣ ਲਈ ਆਉਂਦਾ ਹੈ; ਜਾਂ

ੲ) ਧਰਮ, ਜਾਤ, ਵਰਗ, ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਕਾਰਣ ਕਰਕੇ।

7) <u>ਸਕੂਲ ਇਹ ਯਕੀਨੀ ਬਣਾਏਗਾ ਕਿ :-</u>

ੳ) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਪਿਛਲੀ ਜਮਾਤ ਵਿੱਚ ਵਾਪਿਸ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਉਸਨੂੰ ਉਸਦੀ ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਸਕੂਲ ਤੋਂ ਕੱਢਿਆ ਜਾ ਸਕੇਗਾ;

ਅ) ਕਿਸੇ ਵੀ ਬੱਚੇ ਨੂੰ ਸਰੀਰਕ ਡੰਡ ਜਾਂ ਮਾਨਸਿਕ ਤੋਰ ਤੇ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ।

ੲ) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਕਿਸੇ ਵੀ ਬੱਚੇ ਨੂੰ ਕੋਈ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ।

ਸ) ਹਰੇਕ ਬੱਚਾ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ, ਨੂੰ ਨਿਯਮ 21 ਅਨੁਸਾਰ ਪ੍ਰਮਾਣ ਪੱਤਰ ਜਾਰੀ ਕੀਤਾ ਜਾਵੇਗਾ।

ਹ) ਐਕਟ ਦੇ ਉਪਬੰਧਾਂ ਅਨੁਸਾਰ ਵਿਸ਼ੇਸ਼ ਜਰੂਰਤਾਂ ਵਾਲੇ/ਅਪੰਗ ਵਿਦਿਆਰਥੀਆਂ ਦੀ ਸ਼ਮੂਲੀਅਤ ਕੀਤੀ ਜਾਵੇਗੀ।

ਕ) ਅਧਿਆਪਕ ਧਾਰਾ 23 ਦੀ ਉਪ ਧਾਰਾ (1) ਮੁਤਾਬਕ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ;

ਚੱਲਦਾ ਪੰਨਾ :

ਖ) ਅਧਿਆਪਕ ਐਕਟ ਦੀ ਧਾਰਾ 24 ਦੀ ਉਪ ਧਾਰਾ (1) ਵਿੱਚ ਦਰਜ਼ ਆਪਣੇ ਫਰਜ਼ ਨਿਭਾਏਗਾ; ਅਤੇ

ਗ) ਅਧਿਆਪਕ ਪ੍ਰਾਈਵੇਟ ਟਿਊਸ਼ਨ/ਕੋਚਿੰਗ ਨਹੀਂ ਕਰੇਗਾ।

8) ਸਕੂਲ-ਵਿਸ਼ਿਆਂ ਤੇ ਆਧਾਰਿਤ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤਾ ਸਿਲੇਬਸ ਹੀ ਪੜ੍ਹਾਉਣਗੇ।

9) ਸਕੂਲ ਐਕਟ ਦੀ ਧਾਰਾ 19 ਅਨੁਸਾਰ ਸਕੂਲ ਵਿੱਚ ਮੌਜੂਦ ਸਹੂਲਤਾਂ ਅਤੇ ਮਿਆਰਾਂ ਦੇ ਅਨੁਸਾਰ ਹੀ ਬੱਚਿਆਂ ਨੂੰ ਦਾਖਲ ਕਰੇਗਾ।

10) ਸਕੂਲ ਐਕਟ ਦੀ ਧਾਰਾ 19 ਵਿੱਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਨੂੰ ਬਣਾਈ ਰੱਖੇਗਾ। ਪਿਛਲੇ ਸਮੇਂ ਵਿੱਚ ਕੀਤੀ ਪੜਤਾਲ ਦੌਰਾਨ ਰਿਪੋਰਟ ਕੀਤੀਆਂ ਸਹੂਲਤਾਂ ਹੇਠ ਦਿੱਤੇ ਅਨੁਸਾਰ ਹਨ :-

| | | | |
|---|---|---|---|
| ੳ) | ਸਕੂਲ ਕੈਂਪਸ ਦਾ ਖੇਤਰ | : | 134491 ਵਰਗ ਫੁੱਟ |
| ਅ) | ਕੁੱਲ ਇਮਾਰਤ ਅਧੀਨ ਖੇਤਰ | : | 23000 ਵਰਗ ਫੁੱਟ |
| ੲ) | ਖੇਡ ਦੇ ਮੈਦਾਨ ਦਾ ਖੇਤਰ | : | 4046 ਵਰਗ ਫੁੱਟ |
| ਸ) | ਕਲਾਸ ਦੇ ਕਮਰਿਆਂ ਦੀ ਗਿਣਤੀ | : | 48 |
| ਹ) | ਮੁੱਖ ਅਧਿਆਪਕ ਲਈ ਦਫਤਰ-ਕਮ-ਸਟੋਰ ਦਾ ਕਮਰਾ | : | 6 |
| ਕ) | ਮੁੰਡੇ ਅਤੇ ਕੁੜੀਆਂ ਲਈ ਵੱਖਰੇ-ਵੱਖਰੇ ਪਖਾਨੇ | : | 3, 6 |
| ਖ) | ਪੀਣ ਦੇ ਪਾਣੀ ਦੀ ਸਹੂਲਤ | : | ਆਰ.ਓ. ਸਿਸਟਮ |
| ਗ) | ਦੁਪਹਿਰ ਦਾ ਖਾਣਾ ਪਕਾਉਣ ਦੀ ਸਹੂਲਤ | : | ਹਾਂ |
| ਘ) | ਬਿਨ੍ਹਾਂ ਰੁਕਾਵਟ ਪਹੁੰਚ | : | ਹਾਂ |
| ਙ) | ਪੜ੍ਹਾਉਣ, ਸਿਖਾਉਣ ਅਤੇ ਖੇਡਾਂ ਦਾ ਸਮਾਨ ਦੀ ਮੌਜੂਦਗੀ /ਲਾਇਬ੍ਰੇਰੀ | : | ਹਾਂ |

11) ਸਕੂਲ ਦੀ ਇਮਾਰਤ ਅੰਦਰ ਜਾਂ ਇਮਾਰਤ ਦੇ ਬਾਹਰ ਸਕੂਲ ਦੇ ਨਾਮ ਤੇ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀਂ ਚਲਾਈ ਜਾਵੇਗੀ।

12) ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਅਤੇ ਯੋਗਤਾ ਦੇ ਵਿਕਾਸ ਲਈ ਹੀ ਵਰਤੇ ਜਾਣਗੇ।

13) ਸਕੂਲ ਸੋਸਾਇਟੀ ਰਜਿਸਟਰੇਸ਼ਨ ਐਕਟ 1860 (1860 ਦੇ ਐਕਟ ਨੰਬਰ 21) ਅਧੀਨ ਰਜਿਸਟਰਡ ਕੀਤੀ ਸੋਸਾਇਟੀ ਦੁਆਰਾ ਜਾਂ ਸਮੇਂ-ਸਮੇਂ ਤੇ ਲਾਗੂ ਕਾਨੂੰਨ ਅਧੀਨ ਬਣਾਏ ਗਏ ਪਬਲਿਕ ਟਰੱਸਟ ਦੁਆਰਾ ਹੀ ਚਲਾਇਆ ਜਾ ਰਿਹਾ ਹੈ।

14) ਸਕੂਲ ਕਿਸੇ ਇੱਕ ਵਿਅਕਤੀ ਦੁਆਰਾ ਜਾਂ ਵਿਅਕਤੀਆਂ ਦੇ ਸਮੂਹ/ਸੰਗਠਨ ਦੁਆਰਾ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾ ਰਿਹਾ ਹੈ।

15) ਸਕੂਲ ਦੇ ਲੇਖੇ ਨਿਯਮਾਂ ਅਨੁਸਾਰ ਤਿਆਰ ਕੀਤੇ ਜਾਣੇ ਚਾਹੀਦੇ ਹਨ ਅਤੇ ਕਿਸੇ ਪ੍ਰਮਾਣਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣੇ ਚਾਹੀਦੇ ਹਨ। ਹਰੇਕ ਸਾਲ ਆਡਿਟ ਕੀਤੇ ਲੇਖਿਆਂ ਦੀ ਇੱਕ ਕਾਪੀ ਜਿਲ੍ਹਾ ਸਿੱਖਿਆ ਅਧਿਕਾਰੀ (ਐ.ਸਿ.) ਫਿਰੋਜ਼ਪੁਰ ਨੂੰ ਭੇਜੀ ਜਾਵੇਗੀ।

16) ਆਪ ਦੇ ਸਕੂਲ ਨੂੰ ਮਾਨਤਾ ਕੋਡ ***ਸਸਅ ਫਿਰੋਜ਼ਪੁਰ/2016/ਆਰ.ਟੀ.ਈ./*** ਜਾਰੀ ਕੀਤਾ ਗਿਆ ਹੈ। (ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ-ਵਿਹਾਰ ਕਰਦੇ ਸਮੇਂ ਇਹ ਜਰੂਰ ਦਰਸਾਇਆ ਜਾਵੇ।)

17) ਸਕੂਲ ਸਮੇਂ-ਸਮੇਂ ਤੇ ਡਾਇਰੈਕਟਰ ਜਾਂ ਜਿਲ੍ਹਾ ਸਿੱਖਿਆ ਅਧਿਕਾਰੀ ਵੱਲੋਂ ਮਾਨਤਾ ਨਾਲ ਸਬੰਧਤ ਸ਼ਰਤਾਂ ਪੂਰੀਆਂ ਕਰਨ ਲਈ ਅਤੇ ਸਕੂਲ ਵਿਚਲੀਆਂ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ ਅਤੇ ਮੰਗੀ ਗਈ ਹਰੇਕ ਸੂਚਨਾ ਜਾਂ ਰਿਪੋਰਟ ਮੁਹੱਈਆ ਕਰਵਾਏਗਾ।

18) ਸੋਸਾਇਟੀ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਜੇ ਲੋੜ ਹੋਵੇ ਤਾਂ ਕਰਵਾਉਣਾ ਯਕੀਨੀ ਬਣਾਏਗਾ।

19) ਸਕੂਲ ਦੁਆਰਾ ਹਰੇਕ ਸੈਸ਼ਨ ਦੀ ਸ਼ੁਰੂਆਤ ਵੇਲੇ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਨਿਮਨ ਹਸਤਾਖਰੀ ਪਾਸ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ।

20) ਜੇਕਰ ਆਪ ਵੱਲੋਂ ਜਮਾਂ ਕਰਵਾਏ ਗਏ ਸਵੈ-ਘੋਸ਼ਣਾ ਪੱਤਰ/ਫਾਰਮ-1 ਵਿੱਚ ਕੋਈ ਕਮੀ ਜਾਂ ਗਲਤੀ ਪਾਈ ਜਾਂਦੀ ਹੈ ਤਾਂ ਆਪ ਵਿਰੁੱਧ ਬੱਚਿਆਂ ਦਾ ਮੁਫਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਐਕਟ 2009 ਵਾ ਪੰਜਾਬ ਰਾਜ ਸਿੱਖਿਆ ਦਾ ਅਧਿਕਾਰ ਨਿਯਮ 2011 ਅਨੁਸਾਰ ਬਣਦੀ ਯੋਗ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜਿਲਾ ਸਿੱਖਿਆ ਅਫਸਰ (ਐ.ਸਿ.)
ਫਿਰੋਜ਼ਪੁਰ